


ਨਰਮੇ-ਕਪਾਹ ਦੀ ਸਫ਼ਲ ਕਾਸ਼ਤ ਲਈ

ਸਰਵਪੱਖੀ ਕੀਟ ਪ੍ਰਬੰਧ

PUNJAB AGRICULTURAL UNIVERSITY
LEARN AND SERVE
1962

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ

ਲੁਧਿਆਣਾ

ਪੀ ਏ ਯੂ/2010/ਐੱਫ਼/715/ਪੀ

ਨਰਮੇ-ਕਪਾਹ ਦੀ ਸਫ਼ਲ ਕਾਸ਼ਤ ਲਈ ਸਰਵਪੱਖੀ ਕੀਟ ਪ੍ਰਬੰਧ

ਡਾ. ਅਸ਼ੋਕ ਕੁਮਾਰ ਧਵਨ
ਡਾ. ਵਿਜੈ ਕੁਮਾਰ
ਡਾ. ਪਰਮਿੰਦਰ ਸਿੰਘ ਸ਼ੇਰਾ

ਸੰਚਾਰ ਤੇ ਅੰਤਰਰਾਸ਼ਟਰੀ ਸੰਪਰਕ ਕੇਂਦਰ
ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ

ਪਹਿਲੀ ਵਾਰ ਪ੍ਰਕਾਸ਼ਨ : ਮਾਰਚ 2010 - 2000 ਕਾਪੀਆਂ

ਸੰਪਾਦਕ
ਗੁਰਭਜਨ ਸਿੰਘ ਗਿੱਲ

ਕੀਮਤ : 25 ਰੁਪਏ

ਛਾਪਕ ਅਤੇ ਪ੍ਰਕਾਸ਼ਕ, ਡਾ. ਜਗਤਾਰ ਸਿੰਘ ਧੀਮਾਨ ਐਡੀਸ਼ਨਲ ਡਾਇਰੈਕਟਰ (ਸੰਚਾਰ) ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲਈ ਪੀ ਏ ਯੂ ਪ੍ਰਿੰਟਿੰਗ ਪ੍ਰੈਸ, ਲੁਧਿਆਣਾ ਤੋਂ ਛਪਵਾਇਆ ।

pau_comm@pau.edu; pau.comm@gmail.com

ਮੁੱਖ ਪੰਨੇ ਦੀ ਫ਼ੋਟੋ : **ਕੁਲਬੀਰ ਬੀਰਾ ਬਠਿੰਡਾ** ਟਾਈਟਲ ਡੀਜ਼ਾਈਨ : **ਕੁਲਵੰਤ ਸਿੰਘ ਬਸਰਾ**

ਤਤਕਰਾ

ਸੰਦੇਸ਼

ਕਪਾਹ ਪੰਜਾਬ ਦੀ ਪ੍ਰਮੁੱਖ ਵਪਾਰਕ ਫ਼ਸਲ ਹੈ ਜਿਸਦੀ ਕਾਸ਼ਤ ਲਗਪਗ 6-7 ਲੱਖ ਹੈਕਟੇਅਰ ਖੇਤਰ ਵਿੱਚ ਕੀਤੀ ਜਾਂਦੀ ਹੈ । ਪਿਛਲੇ ਕੁੱਝ ਸਮੇਂ ਤੋਂ ਇਸਦੀ ਪੈਦਾਵਾਰ ਵਿੱਚ ਕਾਫੀ ਗਿਰਾਵਟ ਆਈ ਸੀ ਜਿਸ ਦਾ ਮੁੱਖ ਕਾਰਨ ਕੀੜੇ ਰਹੇ ਹਨ ਜੋ ਕਿ ਫ਼ਸਲ ਨੂੰ ਬੀਜਾਈ ਤੋਂ ਲੈ ਕੇ ਪੱਕਣ ਤੱਕ ਨੁਕਸਾਨ ਪਹੁੰਚਾਉਂਦੇ ਸਨ । ਇਨ੍ਹਾਂ ਕੀੜਿਆਂ ਦੀ ਰੋਕਥਾਮ ਲਈ ਕਿਸਾਨਾਂ ਨੇ ਅੰਧਾ ਧੁੰਦ ਕੀਟਨਾਸ਼ਕ ਜ਼ਹਿਰਾਂ ਦੀ ਵਰਤੋਂ ਕੀਤੀ ਜਿਸ ਦੇ ਨਤੀਜੇ ਵਜੋਂ ਕੁਝ ਨਵੇਂ ਕੀੜੇ ਜਿਵੇਂ ਕਿ ਮੀਲੀ ਬੱਗ ਦੇ ਹਮਲੇ ਵਿੱਚ ਵਾਧਾ, ਕੀੜਿਆਂ ਦੀ ਰੋਕਥਾਮ ਲਈ ਖ਼ਰਚੇ ਵਿੱਚ ਵਾਧਾ ਅਤੇ ਵਾਤਾਵਰਣ ਦਾ ਦੂਸ਼ਿਤ ਹੋਣਾ ਮੁੱਖ ਹਨ। ਬੀ.ਟੀ. ਨਰਮੇ ਵਿੱਚ ਤੇਲਾ, ਚਿੱਟੀ ਮੱਖੀ ਅਤੇ ਮੀਲੀ ਬੱਗ ਮੁੱਖ ਰਸ ਚੂਸਣ ਵਾਲੇ ਕੀੜੇ ਵਜੋਂ ਉੱਭਰੇ ਹਨ । ਤੰਬਾਕੂ ਸੁੰਡੀ ਨੇ ਵੀ ਨਰਮੇ ਵਿੱਚ ਇੱਕ ਹਾਨੀਕਾਰਕ ਕੀੜੇ ਦਾ ਰੂਪ ਅਖਤਿਆਰ ਕਰ ਲਿਆ ਹੈ । ਇਨ੍ਹਾਂ ਕੀੜਿਆਂ ਤੇ ਕਾਬੂ ਪਾਉਣ ਲਈ ਕਿਸਾਨਾਂ ਨੂੰ ਸਰਵਪੱਖੀ ਕੀਟ ਪ੍ਰਬੰਧ ਅਪਣਾਉਣਾ ਚਾਹੀਦਾ ਹੈ। ਪਿਛਲੇ ਸਾਲਾਂ ਵਿੱਚ ਸਰਵਪੱਖੀ ਕੀਟ ਪ੍ਰਬੰਧ ਅਪਨਾਉਣ ਵਾਲੇ ਕਿਸਾਨਾਂ ਨੂੰ ਨਰਮੇ ਦੀ ਖੇਤੀ ਵਿੱਚ 47992 ਰੁਪਏ ਪ੍ਰਤੀ ਹੈਕਟੇਅਰ ਦਾ ਸ਼ੁੱਧ ਲਾਭ ਹੋਇਆ ਜੋ ਕਿ ਸਰਵਪੱਖੀ ਕੀਟ ਪ੍ਰਬੰਧ ਨਾ ਅਪਨਾਉਣ ਵਾਲੇ ਕਿਸਾਨਾਂ ਤੋਂ 15306 ਰੁਪਏ ਪ੍ਰਤੀ ਹੈਕਟੇਅਰ ਵੱਧ ਸੀ। ਸਰਵਪੱਖੀ ਕੀਟ ਪ੍ਰਬੰਧ ਅਪਨਾਉਣ ਵਾਲੇ ਕਿਸਾਨਾਂ ਨੇ ਕੀੜਿਆਂ ਦੀ ਰੋਕਥਾਮ ਲਈ ਔਸਤ 4.7 ਛਿੜਕਾਅ ਕੀਤੇ ਅਤੇ ਨਾ ਅਪਨਾਉਣ ਵਾਲੇ ਕਿਸਾਨਾਂ ਨੇ 6.7 ਛਿੜਕਾਅ ਕੀਤੇ। ਇਨ੍ਹਾਂ ਫਾਇਦਿਆਂ ਨੂੰ ਮੁੱਖ ਰੱਖਦੇ ਹੋਏ ਪ੍ਰਸਾਰ ਸਿੱਖਿਆ ਮਾਹਿਰਾਂ, ਸਕਾਊਟਾਂ ਅਤੇ ਕਿਸਾਨਾਂ ਨੂੰ ਨਰਮੇ ਦੇ ਸਰਵਪੱਖੀ ਕੀਟ ਪ੍ਰਬੰਧ ਦੀ ਸਿਖਲਾਈ ਦੇਣਾ ਬਹੁਤ ਜ਼ਰੂਰੀ ਹੈ। ਇਸ ਸਿਖਲਾਈ ਵਿੱਚ ਬੀ.ਟੀ. ਨਰਮੇ ਦੀ ਸੁਚੱਜੀ ਕਾਸ਼ਤ ਕਰਨ ਲਈ ਨਰਮੇ ਦੀ ਕਿਸਮ ਦੀ ਸਹੀ ਚੋਣ, ਬੀਜ ਦੀ ਸਹੀ ਮਾਤਰਾ, ਬੀਜਣ ਦਾ ਸਹੀ ਸਮਾਂ, ਖਾਦਾਂ ਦੀ ਸੁਚੱਜੀ ਵਰਤੋਂ, ਸਮੇਂ ਸਿਰ ਪਾਣੀ ਲਾਉਣ ਦੇ ਫ਼ਾਇਦੇ, ਫ਼ਸਲ ਨੂੰ ਨਦੀਨਾਂ ਰਹਿਤ ਰੱਖਣਾ, ਕੀੜਿਆਂ ਦੀ ਜਾਣ ਪਛਾਣ, ਉਨ੍ਹਾਂ ਦੇ ਆਰਥਿਕ ਕਗਾਰ ਤੇ ਪਹੁੰਚਣ ਤੇ ਸਹੀ ਕੀਟਨਾਸ਼ਕ ਦੀ ਸਿਫ਼ਾਰਸ਼ ਕੀਤੀ ਮਿਕਦਾਰ ਦੀ ਵਰਤੋਂ ਕਰਨੀ, ਛਿੜਕਾਅ ਕਰਨ ਦੇ ਸਹੀ ਢੰਗ ਅਪਣਾਉਣ ਬਾਰੇ ਪੂਰੀ ਜਾਣਕਾਰੀ ਦੇਣੀ ਬਹੁਤ ਜ਼ਰੂਰੀ ਹੈ ਤਾਂ ਜੋ ਬੀ.ਟੀ. ਨਰਮੇ ਨੂੰ ਲੰਬੇ ਸਮੇਂ ਤੱਕ ਸੰਭਾਲ ਕੇ ਰੱਖਿਆ ਜਾ ਸਕੇ ਅਤੇ ਫ਼ਸਲ ਦਾ ਵੱਧ ਤੋਂ ਵੱਧ ਝਾੜ ਲਿਆ ਜਾ ਸਕੇ। ਇਸ ਲਈ ਕਿਸਾਨਾਂ ਨੂੰ ਸਿਖਲਾਈ ਦੇਣੀ ਬਹੁਤ ਜ਼ਰੂਰੀ ਹੈ ਕਿਉਂਕਿ ਸਿਖਲਾਈ ਹੀ ਅਜਿਹਾ ਮਾਧਿਅਮ ਹੈ ਜਿਸ ਰਾਹੀ ਵਿਗਿਆਨੀਆਂ ਦੀ ਕੀਤੀ ਖੋਜ ਨੂੰ ਕਿਸਾਨਾਂ

ਤੱਕ ਪਹੁੰਚਾਇਆ ਜਾ ਸਕਦਾ ਹੈ। ਇਸੇ ਗੱਲ ਨੂੰ ਧਿਆਨ ਵਿੱਚ ਰੱਖ ਕੇ ਇਹ ਕਿਸਾਨਾਂ ਲਈ ਕਿਤਾਬ ਤਿਆਰ ਕੀਤੀ ਗਈ ਹੈ ਜਿਸ ਵਿੱਚ ਢੁਕਵੀਂ ਖੋਜ ਅਤੇ ਤਜ਼ਰਬਿਆਂ ਦੇ ਆਧਾਰ ਤੇ ਅਜਿਹੇ ਨੁਕਤੇ ਦਿੱਤੇ ਗਏ ਹਨ ਜਿਨ੍ਹਾਂ ਨੂੰ ਅਪਣਾ ਕੇ ਬੀ.ਟੀ. ਨਰਮੇ ਨੂੰ ਹਾਨੀਕਾਰਕ ਕੀੜਿਆਂ ਦੇ ਨੁਕਸਾਨ ਤੋਂ ਬਚਾਇਆ ਜਾ ਸਕਦਾ ਹੈ ਅਤੇ ਮੁੜ ਤੋਂ ਫ਼ਸਲ ਦੇ ਝਾੜ ਵਿੱਚ ਵਾਧਾ ਕੀਤਾ ਜਾ ਸਕਦਾ ਹੈ। ਇਸ ਕਿਤਾਬ ਵਿੱਚ ਕਿਸਾਨਾਂ ਨੂੰ ਬੀ.ਟੀ. ਨਰਮੇ ਦੇ ਹਾਨੀਕਾਰਕ ਕੀੜਿਆਂ ਦੀ ਜਾਣ ਪਛਾਣ, ਨੁਕਸਾਨ ਦੇ ਚਿੰਨ੍ਹ, ਉਨ੍ਹਾਂ ਦੀ ਰੋਕਥਾਮ, ਮਿੱਤਰ ਕੀੜਿਆਂ ਦੀ ਪੂਰੀ ਜਾਣਕਾਰੀ, ਕੀਟਨਾਸ਼ਕ ਦਵਾਈਆਂ ਦੀ ਨੁਕਸਾਨਕਾਰੀ ਪੱਧਰ ਦੇ ਆਧਾਰ ਤੇ ਵਰਤੋਂ ਅਤੇ ਸਰਵਪੱਖੀ ਕੀਟ ਪ੍ਰਬੰਧ (ਆਈ.ਪੀ.ਐਮ.) ਕਾਰਜਨੀਤੀ ਦੀ ਪੂਰੀ ਜਾਣਕਾਰੀ ਦਿੱਤੀ ਗਈ ਹੈ। ਮੈਨੂੰ ਉਮੀਦ ਹੈ ਕਿ ਕਿਸਾਨ ਵੀਰ ਇਸ ਕਿਤਾਬ ਨੂੰ ਪੜ੍ਹ ਕੇ ਆਪਣੀ ਮਦਦ ਆਪ ਕਰੋ ਦੇ ਤਹਿਤ ਨਰਮੇ ਕਪਾਹ ਦੀ ਫ਼ਸਲ ਦਾ ਝਾੜ ਵਧਾਉਣ ਵਿੱਚ ਜ਼ਰੂਰ ਕਾਮਯਾਬ ਹੋਣਗੇ।

ਡਾ. ਮਨਜੀਤ ਸਿੰਘ ਕੰਗ

ਉਪ-ਕੁਲਪਤੀ

ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ

ਮੁੱਖ ਬੰਧ

ਨਰਮਾ ਭਾਰਤ ਦੀ ਇੱਕ ਵਡਮੁੱਲੀ ਵਪਾਰਕ ਫ਼ਸਲ ਹੈ ਅਤੇ ਇਸ ਦੀ ਕਾਸ਼ਤ 8-9 ਮਿਲੀਅਨ ਖੇਤਰ ਵਿੱਚ ਕੀਤੀ ਜਾਂਦੀ ਹੈ। ਪੰਜਾਬ ਵਿੱਚ ਇਸ ਦੀ ਕਾਸ਼ਤ 6-7 ਲੱਖ ਹੈਕਟੇਅਰ ਖੇਤਰ ਵਿੱਚ ਕੀਤੀ ਜਾਂਦੀ ਹੈ । ਪੰਜਾਬ ਕਾਫ਼ੀ ਸਮੇਂ ਤੱਕ ਨਰਮੇਂ ਦੀ ਪੈਦਾਵਾਰ ਵਿੱਚ ਇੱਕ ਪ੍ਰਮੁੱਖ ਰਾਜ ਰਿਹਾ ਹੈ । ਪਰ ਨਰਮੇ ਵਿੱਚ ਆਉਣ ਵਾਲੇ ਕੁੱਝ ਕੀੜਿਆਂ ਅਤੇ ਬੀਮਾਰੀਆਂ ਕਾਰਨ ਨਰਮੇ ਦੀ ਪੈਦਾਵਾਰ ਵਿੱਚ ਭਾਰੀ ਗਿਰਾਵਟ ਆਈ ਹੈ । ਨਰਮੇ ਕਪਾਹ ਉੱਪਰ ਲਗਪਗ 162 ਕਿਸਮ ਦੇ ਕੀੜੇ ਆਪਣਾ ਜੀਵਨ ਚੱਕਰ ਪੂਰਾ ਕਰਦੇ ਹਨ ਜਿੰਨ੍ਹਾਂ ਵਿੱਚ ਕੇਵਲ 15 ਜਾਤੀਆਂ ਦੇ ਕੀੜੇ ਹੀ ਨਰਮੇ ਨੂੰ ਨੁਕਸਾਨ ਪਹੁੰਚਾਉਂਦੇ ਹਨ । ਇਹ ਕੀੜੇ ਫ਼ਸਲ ਨੂੰ ਬੀਜਾਈ ਤੋਂ ਲੈ ਕੇ ਚੁਗਾਈ ਤੱਕ ਨੁਕਸਾਨ ਪਹੁੰਚਾਉਂਦੇ ਹਨ ਇਨ੍ਹਾਂ ਕੀੜਿਆਂ ਦੀ ਰੋਕਥਾਮ ਲਈ ਵਰਤੀਆਂ ਜਾਣ ਵਾਲੀਆਂ ਜ਼ਹਿਰਾਂ ਦੀ ਅੰਧਾ ਧੁੰਦ ਵਰਤੋਂ ਕਾਰਨ ਕੁਝ ਕੀੜਿਆਂ ਜਿਵੇਂ ਕਿ ਅਮਰੀਕਨ ਸੁੰਡੀ, ਚਿੱਟੀ ਮੱਖੀ ਵਿੱਚ ਜ਼ਹਿਰਾਂ ਪ੍ਰਤੀ ਪ੍ਰਤੀਰੋਧਕਤਾ ਆ ਗਈ ਹੈ ਅਤੇ ਚਿੱਟੀ ਮੱਖੀ ਵਿੱਚ ਪੁਨਰ ਉਥਾਨ ਕਾਫੀ ਵੱਧ ਗਿਆ ਹੈ ਜਿਸ ਕਾਰਨ ਇਨ੍ਹਾਂ ਕੀੜਿਆਂ ਤੇ ਕਾਬੂ ਪਾਉਣਾ ਔਖਾ ਹੋ ਗਿਆ ਹੈ। ਕੀਟਨਾਸ਼ਕ ਜ਼ਹਿਰਾਂ ਦੀ ਜ਼ਿਆਦਾ ਵਰਤੋਂ ਕਰਨ ਨਾਲ ਮਿੱਤਰ ਕੀੜਿਆਂ ਦੀ ਗਿਣਤੀ ਵੀ ਘਟ ਗਈ ਹੈ।

ਸਾਲ 1975 ਦੌਰਾਨ ਤੇਲਾ ਅਤੇ ਗੁਲਾਬੀ ਸੁੰਡੀ ਹੀ ਕਪਾਹ ਦੇ ਮੁੱਖ ਕੀੜੇ ਸਨ। ਘੱਟ ਸਮੇਂ ਵਿੱਚ ਪੱਕਣ ਵਾਲੀ ਨਰਮੇ ਦੀਆਂ ਕਿਸਮਾਂ ਦੇ ਆਉਣ ਕਾਰਨ ਤੇਲੇ ਦੀ ਗਿਣਤੀ ਵਿੱਚ ਕਾਫ਼ੀ ਗਿਰਾਵਟ ਆਈ ਪਰ ਅਮਰੀਕਨ ਸੁੰਡੀ ਲਈ ਵਰਤੀਆਂ ਜਾਂਦੀਆਂ ਜ਼ਹਿਰਾਂ ਦੀ ਗਲਤ ਵਰਤੋਂ ਕਾਰਨ ਤੇਲੇ ਵਿੱਚ ਵੀ ਪੁਨਰ ਉਥਾਨ ਹੋਇਆ। ਪਰਿਥਰਾਇਡ ਜ਼ਹਿਰਾਂ ਦੀ ਹੱਦ ਤੋਂ ਵੱਧ ਵਰਤੋਂ ਕਾਰਨ ਚਿੱਟੀ ਮੱਖੀ ਨੇ ਹਾਨੀਕਾਰਕ ਰੂਪ ਅਖ਼ਤਿਆਰ ਕਰ ਲਿਆ। ਅਗੇਤੀਆਂ ਪੱਕਣ ਵਾਲੀਆਂ ਕਿਸਮਾਂ ਅਤੇ ਸਿੰਥੈਟਿਕ ਪਰਿਥਰਾਇਡ ਜ਼ਹਿਰਾਂ ਦੀ ਵਰਤੋਂ ਨਾਲ ਗੁਲਾਬੀ ਸੁੰਡੀ ਤੇ ਤਾਂ ਕਾਬੂ ਪਾ ਲਿਆ ਗਿਆ ਪਰ ਨਤੀਜੇ ਵਜੋਂ ਅਮਰੀਕਨ ਸੁੰਡੀ ਨੇ ਹਾਨੀਕਾਰਕ ਰੂਪ ਧਾਰਨ ਕਰ ਲਿਆ ਜਿਸਨੇ 1993 ਤੋਂ 2002 ਤੱਕ ਨਰਮੇ ਦੀ ਫ਼ਸਲ ਨੂੰ ਭਾਰੀ ਨੁਕਸਾਨ ਪਹੁੰਚਾਇਆ।

ਪੰਜਾਬ ਵਿੱਚ ਸੰਨ 2005 ਵਿੱਚ ਬੀ.ਟੀ. ਨਰਮੇ ਦੇ ਆਉਣ ਕਾਰਨ ਕੀਟਨਾਸ਼ਕ ਜ਼ਹਿਰਾਂ ਦੀ ਵਰਤੋਂ ਘੱਟ ਗਈ ਹੈ ਅਤੇ ਝਾੜ ਮੁੜ ਤੋਂ ਵਧਿਆ ਹੈ ਪਰ ਇਸ ਨੂੰ ਲੰਬੇ ਸਮੇਂ ਤੱਕ ਲਾਹੇਵੰਦ ਰੱਖਣ ਲਈ ਸਾਨੂੰ ਕੁੱਝ ਗੱਲਾਂ ਦਾ ਧਿਆਨ ਰੱਖਣਾ ਪਵੇਗਾ। ਜਿਨ੍ਹਾਂ ਵਿੱਚ ਸਭ ਤੋਂ ਪਹਿਲਾਂ ਨਰਮੇ ਕਪਾਹ ਦੀ ਪ੍ਰਮਾਣਿਤ ਕਿਸਮਾਂ ਦੀ ਕਾਸ਼ਤ ਕੀਤੀ ਜਾਵੇ, ਸਿਫ਼ਾਰਸ਼ ਜ਼ਹਿਰ ਦੀ ਸਿਫਾਰਸ਼ ਕੀਤੀ ਗਈ ਮਾਤਰਾ ਦੀ ਵਰਤੋਂ ਅਤੇ


ਜ਼ਹਿਰਾਂ ਦਾ ਛਿੜਕਾਅ ਕੀੜਿਆਂ ਦੇ ਨੁਕਸਾਨਕਾਰੀ ਪੱਧਰ ਤੇ ਹੀ ਕੀਤਾ ਜਾਵੇ। ਇਸ ਪੁਸਤਕ ਵਿੱਚ ਹਵਾਲੇ ਵਜੋਂ ਕੁਝ ਤਸਵੀਰਾਂ ਵੀ ਸ਼ਾਮਲ ਕੀਤੀਆਂ ਗਈਆਂ ਹਨ, ਜਿਨ੍ਹਾਂ ਨੂੰ ਪੁਸਤਕ ਦੇ ਅੰਤਲੇ **ਤਸਵੀਰ ਭਾਗ** ਵਿੱਚ ਸ਼ਾਮਲ ਕੀਤਾ ਗਿਆ ਹੈ। ਕਿਸਾਨ ਵੀਰ ਇਹ ਤਸਵੀਰਾਂ ਵੇਖ ਕੇ ਆਪਣੀਆਂ ਸਮੱਸਿਆਵਾਂ ਸਮਝ ਸਕਦੇ ਹਨ।


ਬੀ.ਟੀ. ਨਰਮੇ ਦੇ ਆਉਣ ਨਾਲ ਟੀਂਡਿਆਂ ਦੀਆਂ ਸੁੰਡੀਆਂ ਤੋਂ ਤਾਂ ਰਾਹਤ ਮੀਲੀ ਪਰ ਨਵੇਂ ਕੀੜੇ ਜਿਵੇਂ ਕਿ ਤੰਬਾਕੂ ਸੁੰਡੀ ਅਤੇ ਮੀਲੀ ਬੱਗ ਨਵੇਂ ਹਾਨੀਕਾਰਕ ਕੀੜੇ ਬਣ ਕੇ ਸਾਹਮਣੇ ਆਏ ਹਨ। ਖਾਦਾਂ ਦੀ ਸਹੀ ਮਿਕਦਾਰ, ਸਮੇਂ ਸਿਰ ਨਦੀਨਾਂ ਦਾ ਖ਼ਾਤਮਾ ਆਦਿ ਵੀ ਨਰਮੇ ਦੇ ਝਾੜ ਨੂੰ ਵਧਾਉਣ ਵਿੱਚ ਸਹਾਈ ਹੁੰਦੇ ਹਨ। ਪਿਛਲੇ ਕੁਝ ਸਮੇਂ ਤੋਂ ਨਰਮੇ ਕਪਾਹ ਦੇ ਕੀੜਿਆਂ ਵਿੱਚ ਕਾਫੀ ਬਦਲਾਅ ਆਇਆ ਹੈ, ਜੋ ਪਹਿਲਾਂ ਕੇਵਲ ਕੀੜੇ ਸਨ, ਉਨ੍ਹਾਂ ਨੇ ਹੁਣ ਹਾਨੀਕਾਰਕ ਕੀੜਿਆਂ ਦਾ ਰੂਪ ਅਖਤਿਆਰ ਕਰ ਲਿਆ ਹੈ ਜਿਵੇਂ ਕਿ ਮੀਲੀ ਬੱਗ ਜਿਸ ਕਾਰਨ ਪਿਛਲੇ ਸਾਲਾਂ ਵਿੱਚ ਪੰਜਾਬ ਦੇ ਕਿਸਾਨਾਂ ਨੂੰ ਕਾਫ਼ੀ ਨੁਕਸਾਨ ਝੱਲਣਾ ਪਿਆ ਹੈ। ਇਸ ਲਈ ਸਾਨੂੰ ਕੀੜਿਆਂ ਦੀ ਰੋਕਥਾਮ ਲਈ ਸਰਵਪੱਖੀ ਕੀਟ ਪ੍ਰਬੰਧ (ਆਈ.ਪੀ.ਐਮ.) ਦੀ ਤਕਨੀਕ ਨੂੰ ਤਰਜੀਹ ਦੇਣੀ ਚਾਹੀਦੀ ਹੈ। ਇਸ ਤਕਨੀਕ ਪ੍ਰਤੀ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਇਸ ਕਿਤਾਬ ਦੇ ਲੇਖਕਾਂ ਦੁਆਰਾ ਬੀ.ਟੀ. ਨਰਮੇ ਦੀ ਸਫ਼ਲ ਕਾਸ਼ਤ ਵਿੱਚ ਆਉਣ ਵਾਲੀਆਂ ਮੁਸ਼ਕਲਾਂ ਨੂੰ ਹੱਲ ਕਰਨ ਲਈ ਹਾਨੀਕਾਰਕ ਅਤੇ ਮਿੱਤਰ ਕੀੜਿਆਂ ਦੀ ਜਾਣ ਪਛਾਣ, ਨੁਕਸਾਨ ਦੇ ਚਿੰਨ੍ਹ, ਨਰਮੇ/ਕਪਾਹ ਦੀਆਂ ਬੀਮਾਰੀਆਂ, ਨਰਮੇ ਦੀ ਸੁਚੱਜੀ ਕਾਸ਼ਤ ਦੇ ਢੰਗ, ਨਦੀਨਾਂ ਦੀ ਸੁਚੱਜੀ ਰੋਕਥਾਮ, ਹਾਨੀਕਾਰਕ ਅਤੇ ਮਿੱਤਰ ਕੀੜਿਆਂ ਦਾ ਸਰਵੇਖਣ, ਸਹੀ ਛਿੜਕਾਅ ਤਕਨੀਕ ਆਦਿ ਬਾਰੇ ਜਾਣਕਾਰੀ ਦਿੱਤੀ ਗਈ ਹੈ। ਆਸ ਹੈ ਕਿ ਇਸ ਕਿਤਾਬ ਵਿੱਚ ਦਿੱਤੇ ਜ਼ਰੂਰੀ ਨੁਕਤਿਆਂ ਨੂੰ ਧਿਆਨ ਵਿੱਚ ਰੱਖ ਕੇ ਕਿਸਾਨ ਨਰਮੇ ਦੀ ਫ਼ਸਲ ਤੋਂ ਵੱਧ ਝਾੜ ਲੈਣ ਵਿੱਚ ਕਾਮਯਾਬ ਹੋਣਗੇ। ਇਹ ਕਿਤਾਬ ਪ੍ਰਸਾਰ ਅਫਸਰਾਂ ਦੀ ਮਦਦ ਲਈ ਵੀ ਸਹਾਇਕ ਸਿੱਧ ਹੋਵੇਗੀ।

ਅਸ਼ੋਕ ਕੁਮਾਰ ਧਵਨ
ਵਿਜੈ ਕੁਮਾਰ
ਪਰਮਿੰਦਰ ਸਿੰਘ ਸ਼ੇਰਾ

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਮਾਸਿਕ ਪੱਤਰ

ਪੜ੍ਹਨਾ ਆਪਣੀ ਲੋੜ ਬਣਾਓ





ਚੰਗੀ ਖੇਤੀ ਅਤੇ ਪ੍ਰਾਗਰੈਸਿਵ ਫਾਰਮਿੰਗ ਦੇ ਚੰਦੇ

ਇੱਕ ਕਾਪੀ	15 ਰੁਪਏ/10ਯੂ ਐਸ ਡਾਲਰ
ਵਾਰਸ਼ਿਕ ਚੰਦਾ	150 ਰੁਪਏ/100ਯੂ ਐਸ ਡਾਲਰ
ਪੰਜ ਸਾਲਾਂ ਲਈ	600 ਰੁਪਏ/400ਯੂ ਐਸ ਡਾਲਰ
ਦਸ ਸਾਲਾਂ ਲਈ	1200 ਰੁਪਏ/1000ਯੂ ਐਸ ਡਾਲਰ
ਉਮਰ ਭਰ ਲਈ (30 ਸਾਲ ਲਗਾਤਾਰ)	2200 ਰੁਪਏ/1500ਯੂ ਐਸ ਡਾਲਰ
ਸੰਸਥਾਵਾਂ ਲਈ (30 ਸਾਲ ਲਗਾਤਾਰ)	5000 ਰੁਪਏ/2000ਯੂ ਐਸ ਡਾਲਰ

ਪ੍ਰਕਾਸ਼ਨਾਵਾਂ ਬਾਰੇ ਜਾਣਕਾਰੀ ਅਤੇ ਅਦਾਇਗੀਆਂ ਹੇਠਾਂ ਦਰਸਾਏ ਪਤੇ ਤੇ ਭੇਜੀਆਂ ਜਾਣ :

ਬਿਜਨਸ ਮੈਨੇਜਰ

ਸੰਚਾਰ ਅਤੇ ਅੰਤਰਰਾਸ਼ਟਰੀ ਸੰਪਰਕ ਕੇਂਦਰ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ - 141004

ਫੋਨ ਨੰ. : 0161-2401960-79 ਐਕਸਟੈਂਸ਼ਨ (475)

ਨੋਟ : ਡਿਮਾਂਡ ਡਰਾਫਟ ਕੰਪਟਰੋਲਰ, ਪੀ ਏ ਯੂ, ਲੁਧਿਆਣਾ ਦੇ ਨਾਂ ਤੇ ਬਣਾਏ ਜਾਣ । ਮਨੀ ਆਰਡਰ ਬਿਜਨਸ ਮੈਨੇਜਰ ਦੇ ਨਾਂ ਤੇ ਹੀ ਹੋਣੇ ਚਾਹੀਦੇ ਹਨ ।

ਇੰਡੀਅਨ ਪੋਸਟਲ ਆਰਡਰ ਅਤੇ ਬਾਹਰ ਦੇ ਚੈੱਕ ਸਵੀਕਾਰ ਨਹੀਂ ਕੀਤੇ ਜਾਂਦੇ